ਪੰਜਾਬ ਸਰਕਾਰ
ਸਥਾਨਕ ਸਰਕਾਰ ਵਿਭਾਗ
(ਮਿਉਂਸਪਲ ਚੋਣਾਂ ਸ਼ਾਖਾ)

ਸੇਵਾ ਵਿਖੇ

ਡਵੀਜਨਲ ਕਮਿਸ਼ਨਰ,
ਜਲੰਧਰ ਅਤੇ ਪਟਿਆਲਾ।

ਮੀਮੋ ਨੰ: 5/79/2017/ਮਚਦ/ਚਸ/ 926
ਮਿਤੀ: 7-1-25

ਵਿਸ਼ਾ: ਮਿਤੀ 21 ਦਸੰਬਰ 2024 ਨੂੰ ਹੋਣ ਜਾ ਰਹੀਆਂ 5 ਨਗਰ ਨਿਗਮਾਂ (ਅੰਮ੍ਰਿਤਸਰ, ਜਲੰਧਰ, ਫਗਵਾੜਾ, ਲੁਧਿਆਣਾ ਅਤੇ ਪਟਿਆਲਾ) ਦੀਆਂ ਆਮ ਚੋਣਾਂ ਉਪਰੰਤ ਮੇਅਰਾਂ ਦੇ ਅਹੁੱਦੇ ਦੀ ਰਿਜਰਵੇਸ਼ਨ ਕਰਨ ਸਬੰਧੀ।

ਉਪਰੋਕਤ ਦੇ ਸਬੰਧ ਵਿੱਚ ਆਪ ਜੀ ਦੇ ਧਿਆਨ ਵਿੱਚ ਲਿਆਂਦਾ ਜਾਂਦਾ ਹੈ ਕਿ ਮਿਤੀ 21 ਦਸੰਬਰ 2024 ਨੂੰ 5 ਨਗਰ ਨਿਗਮਾਂ (ਅੰਮ੍ਰਿਤਸਰ, ਜਲੰਧਰ, ਫਗਵਾੜਾ, ਲੁਧਿਆਣਾ ਅਤੇ ਪਟਿਆਲਾ) ਦੀਆਂ ਆਮ ਚੋਣਾਂ ਉਪਰੰਤ "The Punjab Reservation for the Offices of Mayors of Municipal Corporations Rules, 2017" ਅਧੀਨ ਦਰਜ ਸ਼ਡਿਊਲ ਵਿੱਚ ਦਰਸਾਏ ਰੋਸਟਰ ਪੁਆਇੰਟ ਮੁਤਾਬਕ **<u>ਨਗਰ ਨਿਗਮ, ਲੁਧਿਆਣਾ ਦੇ ਮੇਅਰ ਦਾ ਅਹੁੱਦਾ</u>** **<u>"ਇਸਤਰੀ"</u>** ਮੈਂਬਰਾਂ ਲਈ ਰਾਖਵਾਂ ਕੀਤਾ ਜਾਂਦਾ ਹੈ ਅਤੇ ਬਾਕੀ ਬਚਦੀਆਂ 4 ਨਗਰ ਨਿਗਮਾਂ ਦੇ ਮੇਅਰਾਂ ਦੇ ਅਹੁਦੇ ਜਨਰਲ (Open) ਹੋਣਗੇ।

2. "The Punjab Municipal Corporation Mayor, Senior Deputy Mayor and Deputy Mayor Election Rules, 1991"(as amended on 19th April, 2001) ਦੇ ਨਿਯੁਮ 3(1) ਅਧੀਨ ਆਪ ਵਲੋਂ ਆਪਣੇ ਅਧਿਕਾਰੀ ਖੇਤਰ ਵਿੱਚ ਪੈਂਦੀਆਂ ਨਗਰ ਨਿਗਮਾਂ ਦੇ ਮੇਅਰਾਂ ਦੇ ਅਹੁੱਦਿਆਂ ਲਈ ਚੋਣ ਸਬੰਧੀ ਮੀਟਿੰਗ ਕਨਵੀਨ ਕੀਤੀ ਜਾਣੀ ਹੈ। ਇਸ ਲਈ ਜੇਤੂ ਮੈਂਬਰਾਂ ਨੂੰ ਸਹੁੰ ਚੁਕਾਉਣ ਮਗਰੋਂ ਉਕਤ ਅਹੁਦਿਆਂ ਲਈ ਚੋਣ ਕਰਵਾਉਣ ਸਮੇਂ ਯੋਗ ਵਿਧੀ ਅਪਣਾਉਂਦੇ ਹੋਏ ਉਕਤ ਅਨੁਸਾਰ ਰਾਖਵੀਂ ਸ਼੍ਰੇਣੀ ਦੇ ਮੈਂਬਰ ਨੂੰ ਹੀ ਬਤੌਰ ਮੇਅਰ ਚੁਣਿਆ ਜਾਣਾ ਯਕੀਨੀ ਬਣਾਇਆ ਜਾਵੇ।

ਵਿਸ਼ੇਸ਼ ਸਕੱਤਰ - ਕਮ - ਡਾਇਰੈਕਟਰ
ਸਥਾਨਕ ਸਰਕਾਰ

ਪਿ.ਅੰ.ਨੰ: 5/79/2017/ਮਚਦ/ਚਸ 927 ਮਿਤੀ: 7-1-25

ਉਪਰੋਕਤ ਦਾ ਇੱਕ ਉਤਾਰਾ ਕਮਿਸ਼ਨਰ, ਨਗਰ ਨਿਗਮ ਅੰਮ੍ਰਿਤਸਰ, ਜਲੰਧਰ, ਫਗਵਾੜਾ, ਲੁਧਿਆਣਾ ਅਤੇ ਪਟਿਆਲਾ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਵਿਸ਼ੇਸ਼ ਸਕੱਤਰ - ਕਮ - ਡਾਇਰੈਕਟਰ
ਸਥਾਨਕ ਸਰਕਾਰ